ਪੰਜਾਬੀ ਬੋਲੋ, ਪੰਜਾਬੀ ਪੜ੍ਹੋ, ਪੰਜਾਬੀ ਲਿਖੋ

20239981
6/7/2023

# ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਬਠਿੰਡਾ


ਕਮਰਾ ਨੰ. 225-ਬੀ-227-ਬੀ, ਪਹਿਲੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ-151001

ਈ-ਮੇਲ dlobti.pblanguages@gmail.com


ਕ-6

ਵੱਲ

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੰ)
ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ.ਸਿੰ)
ਜ਼ਿਲ੍ਹਾ ਬਠਿੰਡਾ।

ਪੱਤਰ ਨੰ. ਬਾ.ਗਿ.-(ਕੁਇਜ਼)2023/ 290
ਮਿਤੀ, ਬਠਿੰਡਾ/ 05/7/2023

**ਵਿਸ਼ਾ-** **ਜ਼ਿਲ੍ਹਾ ਪੱਧਰ ਦੇ ਕੁਇਜ਼ ਮੁਕਾਬਲੇ ਸਾਲ-2023 ਕਰਵਾਉਣ ਬਾਰੇ।**

ਉਪਰੋਕਤ ਵਿਸ਼ੇ ਸੰਬੰਧੀ ਭਾਸ਼ਾ ਵਿਭਾਗ, ਪੰਜਾਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜ਼ਿਲ੍ਹਾ ਅਤੇ ਰਾਜ ਪੱਧਰ ਦੇ ਕੁਇਜ਼ ਮੁਕਾਬਲੇ ਕਰਵਾਏ ਜਾਣੇ ਹਨ। ਇਸ ਸੰਬੰਧ ਵਿੱਚ ਆਪ ਜੀ ਨੂੰ ਬੇਨਤੀ ਹੈ ਕਿ ਬਠਿੰਡਾ ਜ਼ਿਲ੍ਹੇ ਦੀਆਂ ਵਿੱਦਿਅਕ ਸੰਸਥਾਵਾਂ (ਸਰਕਾਰੀ/ਏਡਿਡ/ਪ੍ਰਾਈਵੇਟ) ਨੂੰ ਜ਼ਿਲ੍ਹਾ ਪੱਧਰੀ ਕੁਇਜ਼ ਮੁਕਾਬਲੇ ਵਿੱਚ ਭਾਗ ਲੈਣ ਲਈ ਸਕੂਲ ਪ੍ਰਿੰਸੀਪਲ ਵੱਲੋਂ ਤਸਦੀਕਸ਼ੁਦਾ ਪੱਤਰ ਲਗਾ ਕੇ ਆਪਣੀ ਐਂਟਰੀ (ਨਿਯਮ ਅਤੇ ਸ਼ਰਤਾਂ ਨਾਲ ਨੱਥੀ) **20 ਜੁਲਾਈ, 2023 ਤੱਕ ਦਫ਼ਤਰ ਦੀ ਈ-ਮੇਲ** dlobti.pblanguages@gmail.com ਰਾਹੀਂ ਭੇਜਣ ਲਈ ਲਿਖ ਦਿੱਤਾ ਜਾਵੇ। ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਐਂਟਰੀ ਲਈ ਮੰਗੀ ਜਾਣਕਾਰੀ ਇਸ ਪੱਤਰ ਸਹਿਤ ਨੱਥੀ **ਐਕਸਲ ਫਾਰਮੇਟ** ਵਿੱਚ ਹੀ ਭੇਜੀ ਜਾਵੇ (ਪੀ.ਡੀ.ਐੱਫ ਵਿੱਚ ਨਹੀਂ)।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਜੀ।

**ਨੋਟ- 20 ਜੁਲਾਈ, 2023 ਤੋਂ ਬਾਅਦ ਕੋਈ ਵੀ ਐਂਟਰੀ ਸਵੀਕਾਰ ਨਹੀਂ ਕੀਤੀ ਜਾਵੇਗੀ ਅਤੇ ਨਿਯਮਾਂ ਅਨੁਸਾਰ ਇੱਕ ਵਿੱਦਿਅਕ ਸੰਸਥਾ ਹਰ ਵਰਗ ਵਿੱਚ ਵੱਧ ਤੋਂ ਵੱਧ 2 (ਦੋ) ਵਿਦਿਆਰਥੀ ਹੀ ਭੇਜ ਸਕਦੀ ਹੈ। ਮੁਕਾਬਲੇ ਕਰਵਾਉਣ ਦੀ ਨਿਸ਼ਚਿਤ ਮਿਤੀ, ਸਮਾਂ ਅਤੇ ਸਥਾਨ ਮੁਕਾਬਲੇ ਤੋਂ ਕੁਝ ਦਿਨ ਪਹਿਲਾਂ ਸੂਚਿਤ ਕਰ ਦਿੱਤਾ ਜਾਵੇਗਾ।**

ਧੰਨਵਾਦ ਸਹਿਤ

(ਕਿਰਪਾਲ ਸਿੰਘ)
ਜ਼ਿਲ੍ਹਾ ਭਾਸ਼ਾ ਅਫ਼ਸਰ
ਬਠਿੰਡਾ

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਬਠਿੰਡਾ
ਪਿੱਠ ਅੰਕਣ ਨੰ. ਕ-6/2023/609 ਮਿਤੀ 07/07/23

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਹ ਜਿਲ੍ਹਾ ਪੱਧਰ ਤੇ ਕੁਇਜ਼ ਮੁਕਾਬਲਾ ਸਾਲ 2023 ਕਰਵਾਇਆ ਜਾਣਾ ਹੈ [illegible] 20 ਜੁਲਾਈ 2023 ਤੱਕ ਐਂਟਰੀਆਂ ਦਫ਼ਤਰ ਦੀ [illegible] ਤੇ ਭੇਜਣਾ ਯਕੀਨੀ ਬਣਾਇਆ ਜਾਵੇ।

Scanned with CamScanner

07/07/23
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਬਠਿੰਡਾ
7/7/23

Scanned with OKEN Scanner

| ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਵੱਲੋਂ ਕਰਵਾਏ ਜਾਣ ਵਾਲੇ ਕੁਇਜ਼ ਮੁਕਾਬਲਿਆਂ ਲਈ ਐਂਟਰੀ ਫਾਰਮ | | | | | | | | | |
|---|---|---|---|---|---|---|---|---|---|
| ਲੜੀ ਨੰ: | ਵਿਦਿਆਰਥੀ ਦਾ ਨਾਂ | ਵਿੱਦਿਅਕ ਸੰਸਥਾ ਦਾ ਨਾਂ | ਪਿਤਾ ਦਾ ਨਾਂ | ਮਾਤਾ ਦਾ ਨਾਂ | ਸ਼੍ਰੇਣੀ | ਜਨਮ ਮਿਤੀ | ਇੰਚਾਰਜ ਅਧਿਆਪਕ ਦਾ ਫੋਨ ਨੰਬਰ | ਵਰਗ | ਈ-ਮੇਲ |
| | | | | | | | | | |
| | | | | | | | | | |
| | | | | | | | | | |
| | | | | | | | | | |

Scanned with CamScanner

Scanned with OKEN Scanner

# ਕੁਇਜ਼ ਮੁਕਾਬਲੇ ਲਈ ਨਿਯਮ (ਜ਼ਿਲ੍ਹਾ ਪੱਧਰ/ਰਾਜ ਪੱਧਰ)

**ਜ਼ਿਲ੍ਹਾ ਪੱਧਰ ਤੇ ਹੋਣ ਵਾਲੇ ਕੁਇਜ਼ ਮੁਕਾਬਲੇ ਦੇ ਨਿਯਮ**

1.ਇਹ ਕੁਇਜ਼ ਮੁਕਾਬਲਾ ਤਿੰਨ ਵਰਗਾਂ ਵਿਚ ਹੋਵੇਗਾ :
(ੳ) ਅੱਠਵੀਂ ਸ਼੍ਰੇਣੀ ਤੱਕ (ਅ) ਨੌਵੀਂ ਤੋਂ 10+2 ਤੱਕ(ੲ)ਬੀ. ਏ./ ਬੀ. ਕਾਮ/ਬੀ. ਐਸਸੀ ਅਤੇ ਬੀ.ਸੀ.ਏ (ਗ੍ਰੈਜੂਏਸ਼ਨ) ਤੱਕ

2.ਫੀਸ :ਇਸ ਮੁਕਾਬਲੇ ਵਿਚ ਭਾਗ ਲੈਣ ਲਈ ਕੋਈ ਐਂਟਰੀ ਫੀਸ ਨਹੀਂ ਹੋਵੇਗੀ।

3.ਯੋਗਤਾ :ਭਾਗ ਲੈਣ ਵਾਲੇ ਵਿਦਿਆਰਥੀ ਲਈ ਆਪਣੀ ਸ਼੍ਰੇਣੀ ਅਤੇ ਜਨਮ ਮਿਤੀ ਸਬੰਧੀ ਸਰਟੀਫਿਕੇਟ ਵਿਦਿਅਕ ਸੰਸਥਾ ਦੇ ਮੁਖੀ ਤੋਂ ਲੈ ਕੇ ਆਉਣਾ ਜ਼ਰੂਰੀ ਹੈ।ਇਸ ਤੋਂ ਬਿਨਾਂ ਵਿਦਿਆਰਥੀ ਮੁਕਾਬਲੇ ਵਿਚ ਭਾਗ ਨਹੀਂ ਲੈ ਸਕੇਗਾ।

4.ਹਰ ਵਰਗ ਵਿਚ ਇਕ ਸੰਸਥਾ ਵੱਧ ਤੋਂ ਵੱਧ ਦੋ ਵਿਦਿਆਰਥੀ ਹੀ ਭੇਜ ਸਕਦੀ ਹੈ।

5.ਵਿਸ਼ਾ :ਕੁਇਜ਼ ਮੁਕਾਬਲੇ ਵਿਚ ਵਿਦਿਆਰਥੀ ਤੋਂ ਪੰਜਾਬੀ ਸਾਹਿਤ, ਧਰਮ, ਭਾਸ਼ਾ, ਸ਼ਖ਼ਸੀਅਤਾਂ,ਸਭਿਆਚਾਰ, ਇਤਿਹਾਸ ਅਤੇ ਭੂਗੋਲ ਨਾਲ ਸਬੰਧਤ ਪ੍ਰਸ਼ਨ ਪੁੱਛੇ ਜਾਣਗੇ।

6.ਇਹ ਮੁਕਾਬਲਾ ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ 'ਤੇ ਕਰਵਾਇਆ ਜਾਵੇਗਾ।

7.ਜ਼ਿਲ੍ਹਾ ਪੱਧਰ 'ਤੇ ਲਿਖਤੀ ਮੁਕਾਬਲਾ ਕਰਵਾਇਆ ਜਾਵੇਗਾ ਜਿਸ ਵਿਚ 100 ਪ੍ਰਸ਼ਨ ਹੋਣਗੇ। ਹਰ ਵਰਗ ਵਿਚ ਉੱਤਰ ਸ਼ੀਟਾਂ ਦਾ ਨੈਗੇਟਿਵ ਮਾਰਕਿੰਗ ਦੇ ਆਧਾਰ ਤੇ ਮੁਲਾਂਕਣ ਕੀਤਾ ਜਾਵੇਗਾ। ਗ਼ਲਤ ਉੱਤਰ ਲਈ ਨੈਗੇਟਿਵ ਸਕੋਰ 25% ਹੋਵੇਗਾ। ਜਿਸ ਪ੍ਰਸ਼ਨ ਦੇ ਖ਼ਾਨੇ ਖਾਲੀ ਛੱਡੇ ਜਾਣਗੇ ਉਸ ਪ੍ਰਸ਼ਨ ਨੂੰ ਵੀ ਗ਼ਲਤ ਉੱਤਰ ਮੰਨਿਆ ਜਾਵੇਗਾ।ਇਸ ਲਈ ਖਾਲੀ ਛੱਡੇ ਖਾਨਿਆਂ ਵਿਚ ਕਰਾਸ (x) ਦਾ ਨਿਸ਼ਾਨ ਲਗਾਉਣਾ ਜ਼ਰੂਰੀ ਹੈ।

8.ਕੁਇਜ਼ ਮੁਕਾਬਲੇ ਲਈ ਉੱਤਰ ਸ਼ੀਟਾਂ ਵਿਭਾਗ ਵੱਲੋਂ ਜਾਰੀ ਕੀਤੀਆਂ ਜਾਣਗੀਆਂ।

9.ਜ਼ਿਲ੍ਹਾ ਪੱਧਰ 'ਤੇ ਹੋਣ ਵਾਲਾ ਲਿਖਤੀ ਮੁਕਾਬਲਾ ਜ਼ਿਲ੍ਹੇ ਦੇ ਸਦਰ ਮੁਕਾਮ 'ਤੇ ਕਰਵਾਇਆ ਜਾਵੇਗਾ ਅਤੇ ਇਹ ਸਬੰਧਤ ਜ਼ਿਲ੍ਹੇ ਦਾ ਜ਼ਿਲ੍ਹਾ ਭਾਸ਼ਾ ਅਫ਼ਸਰ ਜਾਂ ਵਿਭਾਗ ਵੱਲੋਂ ਨਿਸ਼ਚਿਤ ਕੀਤਾ ਕੋਈ ਅਫ਼ਸਰ ਕਰਵਾਏਗਾ।

10.ਜੇਕਰ ਕਿਸੇ ਇਨਾਮ ਵਿਚ ਇਕ ਤੋਂ ਵੱਧ ਵਿਦਿਆਰਥੀ ਇਨਾਮ ਲਈ ਬਰਾਬਰ ਹੋ ਜਾਂਦੇ ਹਨ ਤਾਂ ਉਨ੍ਹਾਂ ਵਿੱਚੋਂ ਛੋਟੀ ਜਮਾਤ ਦੇ ਵਿਦਿਆਰਥੀ ਨੂੰ ਹੀ ਇਨਾਮ ਦਿੱਤਾ ਜਾਵੇਗਾ। ਜੇਕਰ ਫਿਰ ਵੀ ਇੱਕ ਹੀ ਜਮਾਤ ਦੇ ਵਿਦਿਆਰਥੀ ਬਰਾਬਰ ਹੋ ਜਾਣ ਤਾਂ ਉਨ੍ਹਾਂ ਵਿੱਚੋਂ ਛੋਟੀ ਉਮਰ ਦੇ ਵਿਦਿਆਰਥੀ ਨੂੰ ਹੀ ਇਨਾਮ ਦਿੱਤਾ ਜਾਵੇਗਾ।

11.ਜ਼ਿਲ੍ਹਾ ਪੱਧਰ 'ਤੇ ਮੁਕਾਬਲੇ ਵਿਚ ਭਾਗ ਲੈਣ ਲਈ ਐਂਟਰੀਆਂ ਆਪਣੇ ਜ਼ਿਲ੍ਹੇ ਦੇ ਸਬੰਧਤ ਜ਼ਿਲ੍ਹਾ ਭਾਸ਼ਾ ਅਫ਼ਸਰ ਕੋਲ ਭੇਜੀਆਂ ਜਾਣ। ਚੰਡੀਗੜ੍ਹ ਲਈ ਐਂਟਰੀਆਂ ਪੰਜਾਬੀ ਸੈੱਲ, ਮਿੰਨੀ ਸਕੱਤਰੇਤ, ਸੈਕਟਰ-9 ਬੀ, ਵਿਖੇ ਦਿੱਤੀਆਂ ਜਾਣ। ਮੁੱਖ ਦਫ਼ਤਰ ਵੱਲੋਂ ਨਿਸ਼ਚਿਤ ਕੀਤੀ ਮੁਕਾਬਲੇ ਦੀ ਮਿਤੀ ਬਾਰੇ ਸੂਚਨਾ ਸਬੰਧਤ ਜ਼ਿਲ੍ਹਾ ਭਾਸ਼ਾ ਅਫ਼ਸਰ ਦੁਆਰਾ ਦਿੱਤੀ ਜਾਵੇਗੀ।

12.ਜ਼ਿਲ੍ਹਾ ਪੱਧਰ 'ਤੇ ਹਰ ਵਰਗ ਵਿੱਚੋਂ ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਹੀ ਰਾਜ ਪੱਧਰ ਦੇ ਮੁਕਾਬਲੇ ਵਿਚ ਹਿੱਸਾ ਲੈਣਗੇ। ਰਾਜ ਪੱਧਰ ਦਾ ਮੁਕਾਬਲਾ ਮੌਖਿਕ ਅਤੇ ਵਿਅਕਤੀਗਤ ਹੋਵੇਗਾ।

**13.ਰਾਜ ਪੱਧਰ 'ਤੇ ਹੋਣ ਵਾਲੇ ਕੁਇਜ਼ ਮੁਕਾਬਲੇ ਲਈ ਨਿਯਮ :**

(ੳ) ਇਹ ਕੁਇਜ਼ ਮੁਕਾਬਲਾ ਮੌਖਿਕ ਰੂਪ ਵਿਚ ਹੋਵੇਗਾ।

(ਅ) ਸਾਰੇ ਵਿਦਿਆਰਥੀਆਂ ਤੋਂ ਬਰਾਬਰ-ਬਰਾਬਰ ਪ੍ਰਸ਼ਨ ਪੁੱਛੇ ਜਾਣਗੇ।

(ੲ) ਹਰ ਪ੍ਰਸ਼ਨ ਦੇ 2 ਨੰਬਰ ਹੋਣਗੇ।

Scanned with CamScanner

Scanned with OKEN Scanner

(ਸ) ਪ੍ਰਸ਼ਨ ਪੁੱਛੇ ਜਾਣ ਵਾਲੇ ਵਿਦਿਆਰਥੀ ਵੱਲੋਂ ਜੇਕਰ ਉੱਤਰ ਨਾ ਮਿਲਿਆ ਤਾਂ ਉਹੀ ਪ੍ਰਸ਼ਨ ਅਗਲੇ ਵਿਦਿਆਰਥੀ ਤੋਂ ਪੁੱਛਿਆ ਜਾਵੇਗਾ ਅਤੇ ਠੀਕ ਉੱਤਰ 'ਤੇ ਉਸ ਨੂੰ ਇਕ ਨੰਬਰ ਦਿੱਤਾ ਜਾਵੇਗਾ ਪਰ ਉਸ ਦੇ ਹਿੱਸੇ ਦਾ ਸਵਾਲ ਉਸ ਨੂੰ ਮੁੜ ਪੁੱਛਿਆ ਜਾਵੇਗਾ।

(ਹ) ਉੱਤਰ ਦੇਣ ਲਈ 20 ਸਕਿੰਟ ਦਾ ਸਮਾਂ ਹੋਵੇਗਾ। ਨਿਰਧਾਰਤ ਸਮੇਂ ਵਿਚ ਉੱਤਰ ਨਾ ਮਿਲਣ 'ਤੇ ਉਹੀ ਪ੍ਰਸ਼ਨ ਅਗਲੇ ਵਿਦਿਆਰਥੀ ਨੂੰ ਪੁੱਛਿਆ ਜਾਵੇਗਾ।

(ਕ) ਪ੍ਰਸ਼ਨਾਂ ਦੀ ਗਿਣਤੀ ਵਿਚ ਅਦਲਾ-ਬਦਲੀ ਕਰਨ ਦਾ ਅਧਿਕਾਰ ਕੁਇਜ਼ ਮਾਸਟਰ ਨੂੰ ਹੋਵੇਗਾ।

14. ਇਨਾਮ :1 ਜ਼ਿਲ੍ਹਾ ਪੱਧਰ ਦੇ ਇਨਾਮ :

| | ਪਹਿਲਾ | ਦੂਜਾ | ਤੀਜਾ |
|---|---|---|---|
| ਗਰੁੱਪ (ੳ) | 500/- | 300/- | 200/- |
| ਗਰੁੱਪ (ਅ) | 600/- | 500/- | 300/- |
| ਗਰੁੱਪ (ੲ) | 1000/- | 750/- | 500/- |

ਜ਼ਿਲ੍ਹਾ ਪੱਧਰ 'ਤੇ ਪਹਿਲੇ, ਦੂਜੇ ਅਤੇ ਤੀਜੇ ਨੰਬਰ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੀ ਦਿੱਤੇ ਜਾਣਗੇ।

**2.ਰਾਜ ਪੱਧਰ ਦੇ ਇਨਾਮ :**

| | ਪਹਿਲਾ | ਦੂਜਾ | ਤੀਜਾ |
|---|---|---|---|
| ਗਰੁੱਪ (ੳ) | 1000/- | 750/- | 500/- |
| ਗਰੁੱਪ (ਅ) | 1500/- | 1000/- | 600/- |
| ਗਰੁੱਪ (ੲ) | 2000/- | 1500/- | 1000/- |

ਰਾਜ ਪੱਧਰ 'ਤੇ ਪਹਿਲੇ, ਦੂਜੇ ਅਤੇ ਤੀਜੇ ਨੰਬਰ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਨਕਦ ਜਾਂ ਵਿਭਾਗੀ ਪੁਸਤਕਾਂ ਦੇ ਰੂਪ ਵਿਚ ਦਿੱਤੇ ਜਾਣਗੇ। ਇਨਾਮ ਤੋਂ ਇਲਾਵਾ ਸਰਟੀਫਿਕੇਟ ਵੀ ਦਿੱਤੇ ਜਾਣਗੇ।

15.ਇਨ੍ਹਾਂ ਮੁਕਾਬਲਿਆਂ ਵਿਚ ਵਿਭਾਗੀ ਅਧਿਕਾਰੀਆਂ/ ਕਰਮਚਾਰੀਆਂ ਦੇ ਬੱਚੇ ਭਾਗ ਨਹੀਂ ਲੈ ਸਕਦੇ।

16.ਜੱਜਾਂ ਦਾ ਫੈਸਲਾ ਅੰਤਿਮ ਹੋਵੇਗਾ।

17.ਵਿਦਿਆਰਥੀ ਵੱਲੋਂ ਗਲਤ ਜਾਣਕਾਰੀ/ਨਿਯਮਾਂ ਦੀ ਉਲੰਘਣਾ ਕਰਨ ਤੋਂ ਉਸਦੀ ਐਂਟਰੀ ਰੱਦ ਕਰਨ ਦਾ ਹੱਕ ਵਿਭਾਗ ਨੂੰ ਹੋਵੇਗਾ। ਇਸ ਸਬੰਧੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਦਾ ਫੈਸਲਾ ਅੰਤਿਮ ਹੋਵੇਗਾ।

18.ਇਨ੍ਹਾਂ ਨਿਯਮਾਂ ਵਿਚ ਕਿਸੇ ਵੀ ਸਮੇਂ ਕੋਈ ਵੀ ਸੋਧ ਕਰਨ ਦਾ ਅਧਿਕਾਰ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਨੂੰ ਹੋਵੇਗਾ।

19.ਕੁਇਜ਼ ਮੁਕਾਬਲੇ ਸਬੰਧੀ ਵਿਭਾਗ ਵੱਲੋਂ ਇੱਕ ਨਮੂਨਾ ਪੁਸਤਕ ਛਾਪੀ ਗਈ ਹੈ ਜੋ ਜ਼ਿਲ੍ਹਾ ਭਾਸ਼ਾ ਦਫਤਰਾਂ ਜਾਂ ਵਿਭਾਗ ਦੇ ਸੇਲ ਭਾਗ ਤੋਂ ਖਰੀਦੀ ਜਾ ਸਕਦੀ ਹੈ।

ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

Scanned with CamScanner

Scanned with OKEN Scanner